# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ),ਬਠਿੰਡਾ।

ਵੱਲ

ਸਮੂਹ ਪ੍ਰਿੰਸੀਪਲ/ਹੈੱਡਮਾਸਟਰ,
ਸਰਕਾਰੀ/ਪ੍ਰਾਈਵੇਟ/ਏਡਿਡ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਜੀ-5/1()/2024/1276 ਮਿਤੀ:ਬਠਿੰਡਾ 02-02-2024

**ਵਿਸ਼ਾ: ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ 2023-24 ਦੇ ਸਬੰਧੀ।**

ਉਪਰੋਕਤ ਵਿਸ਼ੇ ਅਨੁਸਾਰ ਪ੍ਰੀ ਮੈਟ੍ਰਿਕ ਫਾਰ ਐਸ.ਸੀ 2023-24 ਦੀ ਸਕਾਲਰਸ਼ਿਪ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕੀਤੀ ਜਾ ਰਹੀ ਹੈ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਅਪਲਾਈ ਕਰਨ ਦੀ ਆਖਰੀ ਮਿਤੀ 05-02-2024 ਹੈ।ਵਿਭਾਗ ਵੱਲੋਂ ਮਿਤੀ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ ਜਾਵੇਗਾ।ਇਸ ਲਈ ਇਸ ਦਫਤਰ ਵੱਲੋਂ ਵਾਰ -ਵਾਰ ਪੱਤਰ ਅਤੇ Whatsapp Groups ਰਾਹੀਂ ਦੱਸਿਆ ਜਾ ਰਿਹਾ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਐਸ.ਸੀ ਵਿਦਿਆਰਥੀਆਂ ਦੇ ਅਪਲਾਈ ਕਰਨ ਦੀ ਗਿਣਤੀ ਬਹੁਤ ਹੀ ਘੱਟ ਹੈ।ਇਸ ਦਫਤਰ ਨਾਲ ਰੋਜ਼ ਵਾਂਗ ਹੀ ਡੀ.ਜੀ.ਐਸ.ਈ ਸਾਹਿਬ ਵੱਲੋਂ ਮੀਟਿੰਗ ਕੀਤੀ ਜਾਂਦੀ ਹੈ ਕਿ ਕੋਈ ਵੀ ਯੋਗ ਐਸ.ਸੀ ਵਿਦਿਆਰਥੀ ਇਸ ਵਜੀਫੇ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ ਜੇਕਰ ਵਿਦਿਆਰਥੀ ਵਜੀਫੇ ਤੋਂ ਵਾਂਝਾ ਰਹਿੰਦਾ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ, ਵਜੀਫਾ ਨੋਡਲ ਅਫਸਰ ਅਤੇ ਕਲਾਸ ਇੰਚਾਰਜ ਦੀ ਹੋਵੇਗੀ ਅਤੇ ਜੇਕਰ ਕਿਸੇ ਵੀ ਵਿਦਿਆਰਥੀ ਦੇ ਮਾਪੇ ਇਸ ਦਫਤਰ ਵਿਖੇ ਆ ਕੇ ਸਬੰਧਤ ਵਜੀਫੇ ਦੀ ਮੰਗ ਕਰਦੇ ਹਨ ਤਾਂ ਵਜੀਫੇ ਦੀ ਰਕਮ ਸਕੂਲ ਮੁੱਖੀ, ਵਜੀਫਾ ਨੋਡਲ ਅਫਸਰ ਅਤੇ ਕਲਾਸ ਇੰਚਾਰਜ ਵੱਲੋਂ ਦਿੱਤੀ ਜਾਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ)
ਬਠਿੰਡਾ
2/2/24

Scanned with OKEN Scanner